# TRAC ਵਿੱਚ, ਸਾਡਾ ਉਦੇਸ਼ ਬੀ ਸੀ ਵਿੱਚ ਕਿਰਾਏਦਾਰਾਂ ਲਈ ਕਾਨੂੰਨੀ ਸੁਰੱਖਿਆ ਨੂੰ ਵਧਾਉਣਾ ਹੈ।

ਆਪਣੇ ਕਾਨੂੰਨੀ ਅਧਿਕਾਰਾਂ ਅਤੇ ਉਨ੍ਹਾਂ ਦੀ ਕਿਵੇਂ ਤਾਮੀਲ ਕਰਵਾਉਣੀ ਹੈ ਬਾਰੇ ਹੋਰ ਜਾਣਨ ਲਈ TRAC ਦਾ **ਰੈਂਟਿੰਗ ਇਟ ਰਾਈਟ** ਕੋਰਸ ਲਉ।
**rentingitright.ca**

TRAC
TENANT RESOURCE & ADVISORY CENTRE

ਸਾਡੇ ਮੂਲ ਵਿਸ਼ਵਾਸ ਹਨ:

**ਕਿਰਾਏਦਾਰ ਮੁਫਤ ਕਾਨੂੰਨੀ ਸਹਾਇਤਾ ਦੇ ਹੱਕਦਾਰ ਹਨ**

**ਕਿਰਾਏਦਾਰ ਨਿਆਂ ਤੱਕ ਪਹੁੰਚ ਦੇ ਹੱਕਦਾਰ ਹਨ**

**ਕਿਰਾਏਦਾਰ ਕਿਰਾਏਦਾਰੀ ਦੀ ਸੁਰੱਖਿਆ ਦੇ ਹੱਕਦਾਰ ਹਨ**




ਮੇਰਾ ਮਕਾਨ ਮਾਲਕ ਕਦੋਂ ਅਤੇ ਕਿੰਨਾ ਕਿਰਾਇਆ ਵਧਾ ਸਕਦਾ ਹੈ?

ਕਿਰਾਏਦਾਰ ਤੋਂ ਖਾਲੀ ਕਰਵਾਉਣ ਦੇ ਕੀ ਕਾਨੂੰਨੀ ਆਧਾਰ ਹਨ?

ਮੇਰਾ ਮਕਾਨ ਮਾਲਕ ਕਿਹੜੀਆਂ ਮੁਰੰਮਤਾਂ ਕਰਵਾਉਣ ਲਈ ਜ਼ਿੰਮੇਵਾਰ ਹੈ?

ਮੇਰਾ ਮਕਾਨ ਮਾਲਕ ਮੇਰਾ ਸਕਿਉਰਿਟੀ ਡਿਪੋਜ਼ਿਟ ਕਦੋਂ ਰੱਖ ਸਕਦਾ ਹੈ?

ਮੇਰਾ ਮਕਾਨ ਮਾਲਕ ਮੇਰੇ ਯੂਨਿਟ ਵਿੱਚ ਕਦੋਂ ਦਾਖਲ ਹੋ ਸਕਦਾ ਹੈ?

**ਯੂਨਿਟ #150-900 ਹਾਉ ਸਟਰੀਟ**
ਅਣਸੌਂਪੇ xʷməθkʷəy̓əm (Musqueam), Sḵwx̱wú7mesh (Squamish), ਅਤੇ səlilwətaɬ (Tsleil-Waututh) ਖੇਤਰ (ਵੈਨਕੂਵਰ, ਬੀ ਸੀ)
V6Z 2M4

604-255-3099
ਟੋਲ ਫਰੀ 1-800-665-1185
tenants.bc.ca

Punjabi

## ਹੇਠ ਲਿਖੀਆਂ ਗੱਲਾਂ ਵਿੱਚ ਸਹਾਇਤਾ ਲੈਣ ਲਈ ਆਪ TRAC ਕੋਲ ਜਾਉ:

- ਕਿਰਾਏਦਾਰ ਵਜੋਂ ਆਪਣੇ ਅਧਿਕਾਰਾਂ ਬਾਰੇ ਸਿੱਖਣਾ
- ਆਪਣਾ ਸਕਿਉਰਿਟੀ ਡਿਪੋਜ਼ਿਟ ਵਾਪਸ ਲੈਣਾ
- ਗਲਤ ਬੇਦਖਲੀ ਨਾਲ ਲੜਨਾ
- ਆਪਣੇ ਮਕਾਨ ਮਾਲਕ ਨਾਲ ਗੱਲਬਾਤ ਕਰਨਾ
- ਰੈਜ਼ੀਡੈਂਸ਼ੀਅਲ ਟੈਨੈਸੀ ਬਰਾਂਚ ਡਿਸਪਿਊਟ ਰੈਜ਼ੋਲੂਸ਼ਨ ਦੀਆਂ ਕਾਰਵਾਈਆਂ
- ਹੋਰ ਸੇਵਾਵਾਂ ਨਾਲ ਜੁੜਨਾ ਅਤੇ ਹੋਰ ਬਹੁਤ ਕੁਝ!

ਸਾਡੇ ਕੰਮ ਕਰਨ ਦੇ ਘੰਟਿਆਂ ਬਾਰੇ ਔਨਲਾਈਨ ਪਤਾ ਕਰੋ ਜਾਂ ਸਾਨੂੰ 604-255-3099 'ਤੇ ਫੋਨ ਕਰਕੇ ਪਤਾ ਕਰੋ।

**ਅੱਪਡੇਟ ਲਈ ਸਾਡੀ ਨਿਊਜ਼ਲੈਟਰ ਲਈ ਸਬਸਕਰਾਈਬ ਕਰੋ!**




## ਕਿਰਾਏਦਾਰਾਂ ਲਈ ਜਾਣਕਾਰੀ ਲਾਈਨ

TRAC ਤੁਹਾਡੀ ਕਿਰਾਏਦਾਰੀ ਬਾਰੇ ਫ਼ੋਨ 'ਤੇ ਮੁਫਤ ਕਾਨੂੰਨੀ ਜਾਣਕਾਰੀ ਦੀ ਪੇਸ਼ਕਸ਼ ਕਰਦਾ ਹੈ।

**604-255-0546 | 1-800-665-1185**

## ਬਹੁ-ਭਾਸ਼ਾਈ ਸੇਵਾਵਾਂ

ਜੇਕਰ ਤੁਹਾਨੂੰ ਆਪਣੀ ਪਸੰਦੀਦਾ ਭਾਸ਼ਾ ਵਿੱਚ ਸਹਾਇਤਾ ਦੀ ਲੋੜ ਹੈ, ਤਾਂ ਅਸੀਂ ਤੁਹਾਡੇ ਵਿਅਕਤੀਗਤ (ਡ੍ਰੌਪ-ਇਨ) ਜਾਂ ਫੋਨ ਰਾਹੀਂ ਜਾਣਕਾਰੀ (ਇਨਫੋਲਾਈਨ) ਕਾਰਜਕਾਲ (ਸੈਸ਼ਨ) ਦੌਰਾਨ ਤੁਹਾਨੂੰ ਫ਼ੋਨ ਰਾਹੀਂ ਇੱਕ ਦੁਭਾਸ਼ੀਏ ਨਾਲ ਜੋੜ ਸਕਦੇ ਹਾਂ।




## ਹਾਊਸਿੰਗ ਲਾਅ ਕਲੀਨਿਕ

TRAC ਦੇ ਕਾਨੂੰਨੀ ਐਡਵੋਕੇਟ ਅਤੇ ਵਕੀਲ ਕਾਨੂੰਨੀ ਸਲਾਹ ਅਤੇ ਰੈਜ਼ੀਡੈਂਸ਼ੀਅਲ ਟੈਨੈਸੀ ਬਰਾਂਚ ਅਤੇ ਬੀ ਸੀ ਸੁਪਰੀਮ ਕੋਰਟ ਵਿਖੇ ਪ੍ਰਤੀਨਿਧਤਾ ਪ੍ਰਦਾਨ ਕਰ ਸਕਦੇ ਹਨ। ਆਪ ਜਾ ਕੇ ਜਾਂ ਫ਼ੋਨ ਰਾਹੀਂ ਜਾਣਕਾਰੀ ਦੇਣ ਦੀ ਮੁੱਢਲੀ (ਇਨਟੇਕ) ਕਾਰਵਾਈ ਇਹਨਾਂ ਸੇਵਾਵਾਂ ਲਈ ਯੋਗਤਾ ਦਾ ਫੈਸਲਾ ਕਰਦੀ ਹੈ।

## ਵਰਕਸ਼ਾਪਾਂ

TRAC ਜਨਤਕ ਖੇਤਰ, ਗੈਰ-ਮੁਨਾਫ਼ਾ ਅਤੇ ਜ਼ਮੀਨੀ ਪੱਧਰ ਦੀਆਂ ਸੰਸਥਾਵਾਂ ਨੂੰ ਵਰਕਸ਼ਾਪਾਂ ਦੀ ਪੇਸ਼ਕਸ਼ ਕਰਦਾ ਹੈ। ਵਰਕਸ਼ਾਪ ਦੀ ਬੇਨਤੀ ਕਰਨ ਲਈ, ਕਿਰਪਾ ਕਰ ਕੇ ਸਾਡੀ ਵੈੱਬਸਾਈਟ 'ਤੇ ਜਾਉ ਅਤੇ ਬੇਨਤੀ ਫਾਰਮ ਭਰੋ।

TRAC ਨੂੰ ਹੇਠ ਲਿਖੇ ਫੰਡ ਦੇਣ ਵਾਲਿਆਂ ਤੋਂ ਲਗਾਤਾਰ ਸਹਾਇਤਾ ਮਿਲਦੀ ਹੈ।

THE LAW FOUNDATION OF BRITISH COLUMBIA

BRITISH COLUMBIA
Supported by the Province of British Columbia

CITY OF VANCOUVER

Department of Justice Canada
Ministère de la Justice Canada